

ਸੰਵਾਦ-18 (ਜੁਲਾਈ-ਦਸੰਬਰ 2023) ISSN : 2395-1273 **www.sanvad.org**

# ਸਿਧਾਰਥ
## ਜਿਗਿਆਸਾ, ਤਿਆਗ ਅਤੇ ਬੁੱਧਤਵ ਦਾ ਪ੍ਰਵਚਨ

I

'ਸਿਧਾਰਥ' ਨਾਵਲ ਹਰਮਨ ਹੈੱਸ ਦੁਆਰਾ ਮੂਲ-ਰੂਪ ਵਿਚ ਜਰਮਨ ਭਾਸ਼ਾ ਵਿਚ ਰਚਿਆ ਅਜਿਹਾ ਦਾਰਸ਼ਨਿਕ ਨਾਵਲ ਹੈ ਜੋ ਇਕ ਵਿਅਕਤੀ ਅੰਦਰ ਨਿਹਿਤ ਗਿਆਨ ਦੀ ਜਿਗਿਆਸਾ ਅਤੇ ਗਿਆਨ ਪ੍ਰਾਪਤੀ ਦੀ ਯਾਤਰਾ ਦਾ ਗਲਪੀ ਪ੍ਰਵਚਨ ਹੈ। ਇਹ 'ਆਪੇ ਦੀ ਪਛਾਣ' ਦੀ ਅਧਿਆਤਮਕ ਯਾਤਰਾ ਹੈ। ਇਸ ਨਾਵਲ ਦਾ ਸਿਰਲੇਖ 'ਸਿਧਾਰਥ' ਇਕ ਦਾਰਸ਼ਨਿਕ ਮੈਟਾਫ਼ਰ ਹੈ। ਇਹ ਨਾਵਲ ਵਿਚਲੇ ਦਾਰਸ਼ਨਿਕ ਬ੍ਰਹਿਮੰਡ ਦਾ ਸ਼ਾਬਦਿਕ ਸੂਤਰ ਹੈ। ਸਿਧਾਰਥ ਸ਼ਬਦ ਦਾ ਭਾਵ ਹੈ, "ਉਹ ਜਿਸ ਨੇ ਅਪਣਾ ਲਕਸ਼ ਪੂਰਾ ਕੀਤਾ।" ਸਿਧਾਰਥ ਦਾ ਸਫ਼ਰ 'ਆਪੇ ਦੀ ਪਛਾਣ' (Reveal yourself to yourself) ਤੋਂ ਆਰੰਭ ਹੁੰਦਾ ਹੈ। 'ਆਪਾ' (ਮੈਂ) ਹੀ ਸਾਰੀਆਂ ਚੀਜ਼ਾਂ ਦਾ ਸੋਮਾ ਅਤੇ ਜੜ੍ਹ ਹੈ। ਜਿਹੋ ਜਿਹਾ ਆਪਾ ਹੋਵੇਗਾ ਓਹੋ ਜਿਹਾ ਹੀ ਸੰਸਾਰ ਹੋਵੇਗਾ। ਭਗਤ ਪੀਪਾ ਜੀ ਦਾ ਕਥਨ ਹੈ:[1]

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥*

ਅਰਥਾਤ ਜਿਹੜਾ ਆਲਮ ਵਿਚ ਹੈ, ਉਹ ਦੇਹ ਵਿਚ ਵੀ ਵਸਦਾ ਹੈ। ਜਿਹੜਾ ਕੋਈ ਭਾਲਦਾ ਹੈ, ਉਹ ਪਾ ਲੈਂਦਾ ਹੈ। ਮਿਖ਼ਾਇਲ ਨਈਮੀ ਆਪਣੀ ਜਗਤ ਪ੍ਰਸਿੱਧ ਰਚਨਾ 'ਮੀਰਦਾਦ ਦੀ ਪੁਸਤਕ' ਵਿਚ ਲਿਖਦੇ ਹਨ "ਕਰਤਾ ਨਾਲੋਂ ਕ੍ਰਿਤ ਵੱਖਰੀ ਨਹੀਂ ਹੋ ਸਕਦੀ।"[2] ਅਸੀਂ ਵਸਤਾਂ ਤੋਂ ਆਪਣੇ ਪਰਦੇ ਚੁੱਕਣ ਦੀ ਗੱਲ ਕਰਦੇ ਹਾਂ, ਪਰੰਤੂ ਅਸਲ ਵਿਚ ਪਰਦੇ ਵਸਤਾਂ ਤੋਂ ਨਹੀਂ ਆਪਣੀਆਂ ਅੱਖਾਂ ਤੋਂ ਚੁੱਕਣੇ ਹੁੰਦੇ ਹਨ। ਆਪਣੇ ਆਪ ਤੋਂ ਪਰਦਾ ਚੁੱਕਣ ਨਾਲ ਸਾਰਾ ਬ੍ਰਹਿਮੰਡ ਸਾਫ਼ ਦਿਖਾਈ ਦਿੰਦਾ ਹੈ। ਇਸ ਕਰਕੇ ਆਪ ਨੂੰ ਪਛਾਣਨਾ ਹੀ ਸਾਰੇ ਬ੍ਰਹਿਮੰਡ ਨੂੰ ਪਛਾਣਨਾ ਹੈ। ਸੂਫ਼ੀ ਕਵੀ ਸ਼ਾਹ ਹੁਸੈਨ ਦਾ ਕਥਨ ਹੈ:

*ਆਪ ਨੂੰ ਪਛਾਣ ਬੰਦੇ।*
*ਜੇ ਤੁਧ ਆਪਣਾ ਆਪ ਪਛਾਤਾ,*
*ਸਾਹਿਬ ਨੂੰ ਮਿਲਣ ਆਸਾਨ ਬੰਦੇ।*[3]

II

ਨਾਵਲ ਦਾ ਮੁੱਖ ਪਾਤਰ ਸਿਧਾਰਥ ਇਕ ਬ੍ਰਾਹਮਣ ਦਾ ਪੁੱਤਰ ਹੈ, ਜੋ ਵੇਦਾਂ, ਉਪਨਿਸ਼ਦਾਂ ਦੇ ਗਿਆਨ, ਬਲੀਆਂ ਅਤੇ ਕਰਮ-ਕਾਂਡ ਵਿਚ ਪੂਰਨ ਹੈ। ਉਸ ਵਿਚ ਸ਼ਿਰੋਮਣੀ ਬ੍ਰਾਹਮਣ ਬਣਨ ਦੇ ਸਾਰੇ ਲੱਛਣ ਮੌਜੂਦ ਹਨ, ਪਰੰਤੂ ਸਿਧਾਰਥ ਦਾ ਮਨ ਇਸ ਨਾਲ ਸ਼ਾਂਤ ਨਹੀਂ ਹੁੰਦਾ। ਉਸਦੇ ਪੁਰਖਿਆਂ ਦੇ ਗਿਆਨ ਦਾ ਨਿਚੋੜ ਉਸ ਦੀ ਝੋਲੀ ਵਿਚ ਪੈ ਚੁੱਕਾ ਹੋਣ ਦੇ ਬਾਵਜੂਦ ਉਸ ਦੀ ਝੋਲੀ ਸੱਖਣੀ ਹੈ। ਉਸ ਅੰਦਰ ਇਹ ਅਹਿਸਾਸ ਜਾਗਿਆ ਕਿ ਉਸ ਨੇ ਗਿਆਨ ਨੂੰ ਪ੍ਰਾਪਤ ਕੀਤਾ ਹੈ, ਕਮਾਇਆ ਨਹੀਂ ਹੈ। ਉਹ ਗਿਆਨ ਦੇ ਅਨੁਭਵ ਤੋਂ ਸੱਖਣਾ ਹੈ। ਉਸ ਦੇ ਕੋਲ ਗਿਆਨ ਤਾਂ ਹੈ ਪਰ



**ਡਾ. ਹਰਪ੍ਰੀਤ ਕੌਰ**
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਡੀ.ਏ.ਵੀ ਕਾਲਜ
ਅੰਮ੍ਰਿਤਸਰ
98148-20142
jatinder.lib@gndu.ac.in

ਉਸ ਦਾ ਗਿਆਨ ਮਨ ਦੀ ਸ਼ਾਂਤੀ ਜਾਂ ਆਪੇ ਦੀ ਪਛਾਣ ਦਾ ਸਬੱਬ ਨਹੀਂ ਬਣਦਾ ਕਿਉਂਕਿ ਉਹ ਅਨੁਭਵ ਤੋਂ ਕੋਰਾ ਹੈ। ਇਹ ਅਹਿਸਾਸ ਉਸ ਅੰਦਰ ਅਸੰਤੁਸ਼ਟੀ ਭਰਦਾ ਹੈ। ਉਸ ਦੀ ਇਹ ਅਸੰਤੁਸ਼ਟੀ ਹੀ ਉਸ ਨੂੰ ਅਗਲੇ ਮੁਕਾਮ ਵੱਲ ਤੋਰਦੀ ਹੈ। ਸਿਧਾਰਥ ਅੰਦਰ ਗਿਆਨ ਦੀ ਅਥਾਹ ਜਿਗਿਆਸਾ ਹੈ। ਨਾਵਲ ਦਾ ਪਹਿਲਾ ਪੜਾਅ ਦਰਸਾਉਂਦਾ ਹੈ ਕਿ ਗਿਆਨ ਪ੍ਰਾਪਤੀ ਦਾ ਪਹਿਲਾ ਕਦਮ 'ਗਿਆਨ ਦੀ ਜਿਗਿਆਸਾ' ਹੈ। ਇਹ ਗਿਆਨ ਦੁਨਿਆਵੀ ਵਰਤੋਂ ਜਾਂ ਰੁਜ਼ਗਾਰ ਦਾ ਸਾਧਨ ਨਹੀਂ ਬਣਦਾ ਬਲਕਿ ਇਹ ਗਿਆਨ ਇਕ ਬ੍ਰਹਿਮੰਡੀ ਦਿਸ਼ਾ ਨੂੰ ਉਜਾਗਰ ਕਰਦਾ ਹੈ। ਸਿਧਾਰਥ ਗਿਆਨ ਦੀ ਬ੍ਰਹਿਮੰਡੀ ਦਿਸ਼ਾ ਦਾ ਪ੍ਰਤੀਕ ਹੈ ਜਦਕਿ ਉਸਦਾ ਪਿਤਾ ਗਿਆਨ ਦੀ ਦੁਨਿਆਵੀ ਦਿਸ਼ਾ ਦਾ। ਸਿਧਾਰਥ ਦੀ ਗਿਆਨ-ਅਭਿਲਾਸ਼ਾ ਦੁਨਿਆਵੀ ਲੋੜਾਂ ਤੋਂ ਪਾਰ ਹੈ।

ਸਿਧਾਰਥ ਦੀ ਗਿਆਨ-ਯਾਤਰਾ ਦਾ ਦੂਸਰਾ ਪੜਾਅ 'ਤਿਆਗ' ਹੈ। ਸਿਧਾਰਥ ਸੰਨਿਆਸੀਆਂ ਨਾਲ ਇਕ ਅਧਿਆਤਮਕ ਯਾਤਰਾ ਉੱਪਰ ਨਿਕਲਦਾ ਹੈ। ਸੰਨਿਆਸੀਆਂ ਲਈ ਇਹ ਸੰਸਾਰ ਤਿਆਗਣਯੋਗ ਅਤੇ ਘ੍ਰਿਣਾਯੋਗ ਹੈ। ਸੰਨਿਆਸੀਆਂ ਦੀ ਸੰਗਤ ਵਿਚ ਸਿਧਾਰਥ ਆਪਣੇ ਅੰਦਰ ਦੀਆਂ ਭਾਵਨਾਵਾਂ ਪਿਆਰ, ਲਾਲਚ, ਸੁਪਨਿਆਂ, ਹਰਖ ਅਤੇ ਸੋਗ ਤੋਂ ਮੁਕਤ ਹੋਣਾ ਸਿੱਖਦਾ ਹੈ। ਉਹ ਆਪਣੇ-ਆਪ ਤੋਂ ਮੁਕਤ ਹੋਣਾ ਸਿੱਖਦਾ ਹੈ ਪਰੰਤੂ ਸੰਨਿਆਸ ਦੀਆਂ ਇਹ ਕ੍ਰਿਆਵਾਂ, ਆਸਣ, ਸਮਾਧੀ ਉਸ ਨੂੰ ਇਸ ਆਪੇ ਤੋਂ ਮੁਕਤ ਨਹੀਂ ਕਰਦੇ। ਉਸ ਨੂੰ ਇਹ ਕ੍ਰਿਆਵਾਂ ਥੋੜ੍ਹੇ ਸਮੇਂ ਦੀ ਭਾਂਜ ਜਾਪਦੀਆਂ ਹਨ। ਸ਼ਰਾਬ ਦੇ ਆਰਜ਼ੀ ਨਸ਼ੇ ਦੀ ਤਰ੍ਹਾਂ। ਉਸ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਉਹ ਗਿਆਨ ਤੋਂ ਓਨਾ ਹੀ ਦੂਰ ਹੈ ਜਿਨ੍ਹਾਂ ਕਿ ਗਰਭ ਵਿਚ ਪਿਆ ਬੱਚਾ। ਉਸ ਦਾ ਇਹ ਅਹਿਸਾਸ ਕਿ ਉਸ ਦਾ ਸੱਠ ਸਾਲਾਂ ਦਾ ਸੰਨਿਆਸੀ ਗੁਰੂ ਵੀ ਗਿਆਨ-ਪ੍ਰਾਪਤੀ ਨਹੀਂ ਕਰ ਸਕਿਆ, ਉਸ ਨੂੰ ਮਸਨੂਈ ਗੁਰੂ ਤੋਂ ਮੁਕਤੀ ਦਿੰਦਾ ਹੈ। ਉਸਦਾ ਵਿਚਾਰ ਹੈ, "ਵਿਦਿਆਧਾਰੀ ਪੁਰਸ਼ ਤੇ ਸਿੱਖਿਆ ਪਾਉਣ ਵਾਲੇ ਨਾਲੋਂ ਇਸ ਗਿਆਨ ਦਾ ਹੋਰ ਕੋਈ ਵੱਡਾ ਵੈਰੀ ਨਹੀਂ।"[4] ਉਸ ਮਹਾਤਮਾ ਬੁੱਧ (ਜੋ ਗਿਆਨ ਪ੍ਰਾਪਤ ਕਰ ਚੁੱਕੇ ਹਨ) ਨੂੰ ਵੀ ਆਪਣਾ ਗੁਰੂ ਧਾਰਨ ਕਰਨਾ ਸਵੀਕਾਰ ਨਹੀਂ ਕਰਦਾ। ਮਹਾਤਮਾ ਬੁੱਧ ਵਿਚ ਉਸ ਨੂੰ ਪੂਰਨ ਸ਼ਾਂਤੀ ਨਜ਼ਰ ਆਉਂਦੀ ਹੈ ਕਿਉਂਕਿ ਉਹ ਕਿਸੇ ਵੀ ਚੀਜ਼ ਦੀ ਢੂੰਡ, ਚਾਹ, ਖੋਟ, ਉਪਰਾਲੇ ਤੋਂ ਰਹਿਤ ਹਨ। ਉਹ ਸਮਝਦਾ ਹੈ ਕਿ ਬੁੱਧ ਨੂੰ ਗਿਆਨ ਹੈ, ਪਰੰਤੂ ਉਸ ਦੇ ਚੇਲੇ ਅਗਿਆਨੀ ਹਨ। ਸਿਧਾਰਥ ਮਹਾਤਮਾ ਬੁੱਧ ਨੂੰ ਕਹਿੰਦਾ ਹੈ, "ਕਿਸੇ ਨੂੰ ਵੀ ਸ਼ਬਦਾਂ ਅਤੇ ਉਪਦੇਸ਼ਾਂ ਰਾਹੀਂ ਆਪ ਜੀ ਨਹੀਂ ਦੱਸ ਸਕਦੇ ਕਿ 'ਸੰਮ ਸੰਬਧ' ਦੀ ਪ੍ਰਾਪਤੀ ਅਥਵਾ ਅੰਦਰ ਚਾਨਣ ਹੋਣ ਸਮੇਂ ਆਪ ਜੀ ਨੇ ਕੀ ਅਨੁਭਵ ਕੀਤਾ ਸੀ।"[5] ਅਸਲ ਵਿਚ ਇਹ ਨਾਵਲ ਦੱਸਦਾ ਹੈ ਕਿ ਗਿਆਨ ਪ੍ਰਾਪਤੀ ਦਾ ਰਸਤਾ ਹਰ ਵਿਅਕਤੀ ਦਾ ਆਪਣਾ ਇਕੱਲਿਆਂ ਦਾ ਅਤੇ ਨਿਵੇਕਲਾ ਹੁੰਦਾ ਹੈ। ਗਿਆਨ ਅਨੁਭਵ ਨਾਲ ਪ੍ਰਾਪਤ ਹੁੰਦਾ ਹੈ ਉਪਦੇਸ਼ਾਂ ਨਾਲ ਨਹੀਂ। ਉਹ ਨਿਸ਼ਚਾ ਕਰਦਾ ਹੈ ਕਿ ਉਹ ਆਪਣੇ-ਆਪ ਤੋਂ ਸਿੱਖੇਗਾ ਅਤੇ ਆਪਣਾ ਚੇਲਾ ਆਪ ਬਣੇਗਾ। ਸਿਧਾਰਥ ਦੀਆਂ ਉਪਰੋਕਤ ਧਾਰਨਾਵਾਂ ਵਿਚੋਂ ਬੁੱਧ ਧਰਮ ਦਾ ਦਰਸ਼ਨ ਉਜਾਗਰ ਹੁੰਦਾ ਹੈ। ਬੁੱਧ ਦਰਸ਼ਨ ਨਿਖੇਧ ਦਾ ਦਰਸ਼ਨ ਹੈ। ਇਸ ਵਿਚ ਮਸਨੂਈ ਗੁਰੂ ਦਾ ਵੀ ਨਿਖੇਧ ਹੈ। ਬੁੱਧ ਦਰਸ਼ਨ ਦਾ ਸੂਤਰ ਹੈ "ਆਪ ਦੀਪੋ ਭਾਵ:" ਭਾਵ ਆਪਣਾ ਪ੍ਰਕਾਸ਼ ਆਪ ਬਣੋ।

ਸਿਧਾਰਥ ਦੀ ਗਿਆਨ ਯਾਤਰਾ ਦਾ ਤੀਸਰਾ ਪੜਾਅ 'ਸੰਸਾਰ' ਹੈ। ਉਹ ਆਪਣੇ ਸਾਰੇ ਗੁਰੂ ਅਤੇ ਸਾਰੇ ਉਪਦੇਸ਼ ਛੱਡ ਕੇ ਸੰਸਾਰ ਦਾ ਅਨੁਭਵ ਕਰਨ ਨਿਕਲਦਾ ਹੈ। ਇਹ ਓਹੀ ਸੰਸਾਰ ਹੈ ਜਿਸ ਨੂੰ ਉਸ ਨੇ ਗਿਆਨ ਪ੍ਰਾਪਤੀ ਹਿੱਤ ਤਿਆਗ ਦਿੱਤਾ ਸੀ। ਉਹ ਇਸ ਸੰਸਾਰ ਤੋਂ ਇੰਨੇ ਸਾਲ ਦੂਰ ਰਿਹਾ ਜੋ ਉਸ ਲਈ ਨਿੰਦਣਯੋਗ ਅਤੇ ਤਿਆਗਣਯੋਗ ਸੀ। ਜਦੋਂ ਉਹ ਇਸ ਸੰਸਾਰ ਨੂੰ ਬਿਨਾਂ ਕਿਸੇ ਚੀਜ਼ ਦੀ ਭਾਲ ਦੇ ਬੱਚਿਆਂ ਵਾਂਗ ਭੋਲੇ-ਭਾਅ ਵੇਖਦਾ ਹੈ ਤਾਂ ਇਹੋ ਸੰਸਾਰ ਉਸ ਨੂੰ ਸੁੰਦਰ ਲਗਦਾ ਹੈ। ਗਿਆਨ ਯਾਤਰਾ ਦੇ ਦੋ ਪੜਾਅ ਜਿਗਿਆਸਾ ਅਤੇ ਤਿਆਗ ਨੂੰ ਪਾਰ ਕਰਨ ਉਪਰੰਤ ਸੰਸਾਰ ਵਿਚ ਮੁੜ ਪ੍ਰਵੇਸ਼ ਤੋਂ ਬਾਅਦ ਉਸ ਦੀ ਪਹਿਲੀ ਭੇਟ 'ਕਮਲਾ' ਨਾਲ ਹੁੰਦੀ ਹੈ ਜਿਸ ਤੋਂ ਉਹ ਪਿਆਰ ਦਾ ਪਾਠ ਸਿੱਖਦਾ ਹੈ ਅਤੇ ਦੂਸਰੀ ਭੇਟ 'ਕਾਮਾ ਸਵਾਮੀ' ਨਾਲ ਜਿਸ ਤੋਂ ਉਹ ਵਪਾਰ ਦਾ ਪਾਠ ਸਿੱਖਦਾ ਹੈ। 'ਕਮਲਾ' ਲਕਸ਼ਮੀ ਦਾ ਦੂਸਰਾ ਨਾਮ ਹੈ। ਇਹ ਬੰਦੇ ਦੇ ਅੰਦਰ ਕਾਮਨਾ ਦੀ ਦਿਸ਼ਾ ਹੈ। ਇਹ ਦੇਹ ਅਤੇ ਮਨ ਦੀ ਕਾਮਨਾ ਦਾ ਸਿਖ਼ਰ ਹੈ। ਇਹ ਹਰ ਤਰ੍ਹਾਂ ਦੇ ਭੋਗ ਦਾ ਪ੍ਰਤੀਕ ਹੈ। 'ਕਮਲ' ਦੇ ਫੁੱਲ ਦਾ ਬੁੱਧ ਧਰਮ ਵਿਚ ਬਹੁਤ ਮਹੱਤਵ ਹੈ। ਕਮਲ ਉਹ ਫੁੱਲ ਹੈ ਜੋ ਚਿੱਕੜ ਵਿਚ ਵੀ ਸਾਫ਼ ਰਹਿੰਦਾ ਹੈ। ਇਹ ਗੰਦਗੀ 'ਚ ਰਹਿੰਦਿਆਂ ਹੋਇਆਂ ਵੀ ਪਵਿੱਤਰਤਾ ਦਾ ਪ੍ਰਤੀਕ ਹੈ। ਪ੍ਰਸਿੱਧ ਪਾਲੀ ਮੰਤਰ ਹੈ, 'The Jewel is in the Lotus' ਭਾਵ ਕਿ ਮਣੀ ਕਮਲ ਦੇ ਫੁੱਲ ਅੰਦਰ ਹੈ। ਬੁੱਧ ਧਰਮ ਦਾ ਦਰਸ਼ਨ 'ਮੱਧ-ਮਾਰਗ' ਦਾ ਦਰਸ਼ਨ ਹੈ। ਮੱਧ-ਮਾਰਗ ਨੂੰ ਕਮਲ ਦਾ ਫੁੱਲ ਸਭ ਤੋਂ ਵੱਧ ਦਰਸਾਉਂਦਾ ਹੈ। ਸਿਧ ਗੋਸਟਿ ਵਿਚ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*

ਅਰਥਾਤ ਕਮਲ ਫੁੱਲ ਪਾਣੀ ਵਿਚ ਵੀ ਨਿਰਲੇਪ ਰਹਿੰਦਾ ਹੈ ਅਤੇ ਮੁਰਗਾਬੀ ਨਦੀ ਦੇ ਵਹਾਓ ਵਿਚ ਵੀ ਗਿੱਲੀ ਨਹੀਂ ਹੁੰਦੀ। ਇਸ ਨਾਵਲ ਵਿਚ ਕਮਲਾ ਬਹੁਤ ਸਮਰੱਥਵਾਨ ਪਾਤਰ ਹੈ। ਸੰਨਿਆਸ ਮਾਰਗ 'ਤੇ ਸੰਸਾਰ ਦਾ ਤਿਆਗ ਅਸਲ ਵਿਚ ਇਸਤਰੀ ਦਾ ਤਿਆਗ ਹੀ ਹੁੰਦਾ ਹੈ। ਜੋਗ ਮੱਤ ਦੇ ਪ੍ਰਵਰਤਕਾ ਨੇ ਇਸਤਰੀ ਦੇ ਤਿਆਗ ਹਿੱਤ ਉਸ ਲਈ ਬੜੇ ਤ੍ਰਿਸਕਾਰਸੂਚਕ ਸ਼ਬਦਾਂ ਦੀ ਵਰਤੋਂ ਕੀਤੀ ਹੈ। ਪਰ ਇਸਤਰੀ ਦਾ ਬਾਹਰੀ ਤਿਆਗ ਮਨ ਅੰਦਰ ਵੱਸਦੀ ਇਸਤਰੀ ਤੋ ਮੁਕਤ ਨਹੀਂ ਕਰਵਾਉਂਦਾ। ਸਿਧ ਗੋਸਟ ਵਿਚ ਗੁਰੂ ਨਾਨਕ ਦੇਵ ਜੀ ਨੇ ਜੋਗ ਦੀ ਇਹੀ ਵਿਆਖਿਆ ਕੀਤੀ ਹੈ। ਗੁਰੂ ਸਾਹਿਬ ਅਨੁਸਾਰ ਅਸਲ ਜੋਗ ਸੰਸਾਰ ਵਿਚ ਰਹਿੰਦੇ ਹੋਏ ਇਸ ਦੀ ਮਲੀਣਤਾ ਤੋਂ ਮੁਕਤ ਰਹਿਣ ਦਾ ਨਾਮ ਹੈ। ਨਾਵਲ ਦੀ ਪਾਤਰ ਕਮਲਾ ਇਸ ਕਿਸਮ ਦੀ ਨਿਰਲੇਪਤਾ ਦਾ ਚਿਹਨ ਹੈ। ਉਹ ਜੀਵਨ ਦੀ ਕੁੱਲ ਗੰਦਗੀ ਨੂੰ ਆਪਣੀ ਦੇਹ ਤੇ ਹੰਢਾਉਂਦੀ ਹੋਈ ਵੀ ਆਪਣੇ ਮਨ ਦੀ ਕੋਮਲਤਾ ਅਤੇ ਸੰਵੇਦਨਾ ਨੂੰ ਜਿਉਂਦਿਆ ਰੱਖਦੀ ਹੈ। ਸੈਂਕੜੇ ਧਨਾਢ ਪੁਰਸ਼ਾ ਵਿਚੋਂ ਸਿਧਾਰਥ ਉਸ ਦੇ ਪ੍ਰੇਮ ਦਾ ਪਾਤਰ ਬਣਦਾ ਹੈ। ਕਮਲਾ ਦੀ ਪ੍ਰੇਮ ਚੋਣ ਦੁਨਿਆਵੀ ਧੰਨ ਦੀ ਅਥਾਹ ਚਕਾਚੌਂਦ ਵਿਚ ਵਿਚਰਦੇ ਹੋਏ ਵੀ ਉਸ ਦੀ ਇਸ ਚਕਾਚੌਂਦ ਤੋਂ ਨਿਰਲੇਪਤਾ ਦੀ ਸੂਚਕ ਹੈ। ਸਿਧਾਰਥ ਕਮਲਾ ਤੋਂ ਦੁਨੀਆ ਵਿਚ ਰਹਿੰਦੇ ਹੋਏ ਵੀ ਇਸ ਤੋਂ ਨਿਰਲੇਪ ਰਹਿਣ ਦਾ ਹੁਨਰ ਸਿੱਖਦਾ ਹੈ। ਕਾਮਾਸਵਾਮੀ ਉਹ ਦੂਸਰਾ ਪਾਤਰ ਹੈ ਜਿਸ ਨਾਲ ਸਿਧਾਰਥ ਦੀ ਭੇਟ ਸੰਸਾਰ ਵਿਚ ਹੁੰਦੀ ਹੈ। ਕਾਮਾਸਵਾਮੀ 'ਅਰਥ' ਦਾ ਪ੍ਰਤੀਕ ਹੈ। ਉਹ ਵਿਚਾਰ ਅਤੇ ਕ੍ਰਿਆਵਾਂ ਜੋ ਭੌਤਿਕ ਜੀਵਨ ਨਾਲ ਸਬੰਧਿਤ ਹਨ ਉਹ 'ਅਰਥ' ਹਨ। ਪੁਰਸ਼ਾਰਥ ਦੇ ਚਾਰ ਗੁਣਾਂ ਵਿਚ ਧਰਮ ਤੋਂ ਬਾਅਦ 'ਅਰਥ' ਦਾ ਸਥਾਨ ਆਉਂਦਾ ਹੈ। ਅਰਥ ਤੋਂ ਬਿਨਾ ਸੰਸਾਰ ਦਾ ਕਾਰਜ ਨਹੀਂ ਚਲ ਸਕਦਾ। ਸਿਧਾਰਥ ਕਾਮਾਸਵਾਮੀ ਤੋਂ ਵਪਾਰ ਕਰਨਾ ਅਤੇ ਧਨ ਕਮਾਉਣਾ ਸਿੱਖਦਾ ਹੈ। ਆਪਣੇ ਹੁਣ ਤਕ ਦੇ ਸਫ਼ਰ ਵਿਚੋਂ ਸਿਧਾਰਥ ਨੇ ਸੋਚਣਾ, ਉਡੀਕ ਕਰਨਾ ਅਤੇ ਵਰਤ ਰੱਖਣਾ ਸਿੱਖਿਆ ਸੀ। ਭਾਵ ਕਿ ਜਿਸ ਚੀਜ਼ ਨੂੰ ਉਹ ਪ੍ਰਾਪਤ ਕਰਨਾ ਚਾਹੁੰਦਾ ਹੈ, ਉਹ ਉਸ ਬਾਰੇ ਸੋਚ ਸਕਦਾ ਹੈ, ਉਸ ਦੇ ਪ੍ਰਾਪਤ ਹੋਣ ਤਕ ਉਸ ਦੀ ਉਡੀਕ ਕਰ ਸਕਦਾ ਹੈ ਅਤੇ ਜਦ ਤਕ ਉਹ ਨਹੀਂ ਮਿਲਦੀ ਉਸ ਦਾ ਵਰਤ ਰੱਖ ਸਕਦਾ ਹੈ। ਜੇਕਰ ਵਿਅਕਤੀ ਅਪ੍ਰਾਪਤ ਵਸਤੂ ਦਾ ਉਸ ਦੇ ਮਿਲਣ ਤਕ ਵਰਤ ਨਾ ਰੱਖ ਸਕਦਾ ਹੋਵੇ ਤਾਂ ਉਸ ਅੰਦਰ ਇਕ ਉਤਾਵਲਾਪਣ ਪੈਦਾ ਹੁੰਦਾ ਹੈ, ਜੋ ਉਸ ਦੀ ਉਡੀਕ ਕਰਨ ਅਤੇ ਵਿਚਾਰ ਕਰਨ ਦੀ ਸ਼ਕਤੀ ਨੂੰ ਖੋਹ ਲੈਂਦਾ ਹੈ। ਨਾਵਲ ਅੰਦਰ ਸਿਧਾਰਥ ਦਾ ਕਥਨ ਹੈ, "ਹਰ ਕੋਈ ਜੇ ਉਹ ਸੋਚ, ਉਡੀਕ ਤੇ ਵਰਤ ਰੱਖ ਸਕਦਾ ਹੈ ਤਾਂ ਆਪਣੇ ਟੀਚੇ ਤੇ ਪੁੱਜ ਸਕਦਾ ਹੈ।"[7] ਆਪਣੀਆਂ ਇੰਨ੍ਹਾਂ ਤਿੰਨਾਂ ਸ਼ਕਤੀਆਂ ਨਾਲ ਉਹ ਸੰਸਾਰ ਵਿਚ ਰਹਿੰਦਾ ਹੋਇਆ ਵੀ ਸੰਸਾਰ ਤੋਂ ਹਮੇਸ਼ਾ ਨਿਰਲੇਪ ਹੀ ਚੱਲਦਾ ਹੈ। ਸਿਧਾਰਥ ਆਪਣੇ ਇਸ ਗੁਣ ਪ੍ਰਤਿ ਚੇਤਨ ਵੀ ਹੈ। ਉਹ ਆਪਣੀ ਤੁਲਨਾ ਇਕ ਤਾਰੇ ਨਾਲ ਕਰਦਾ ਹੋਇਆ ਕਹਿੰਦਾ ਹੈ, "ਬਹੁਤ ਲੋਕ ਕਮਲਾ, ਉਸ ਝੜਦੇ ਡਿਗਦੇ ਪੱਤੇ ਵਾਂਗ ਹਨ ਜੋ ਹਵਾ ਨਾਲ ਏਧਰ ਓਧਰ ਭਟਕਦਾ ਤੇ ਮੁੜਦਾ ਹੈ, ਫਟਫਟਾਂਦਾ ਹੈ ਤੇ ਭੋਂ ਤੇ ਡਿੱਗ ਪੈਂਦਾ ਹੈ। ਪਰ ਥੋੜ੍ਹੇ ਹੋਰ ਉਨ੍ਹਾ ਤਾਰਿਆਂ ਵਾਂਗ ਹਨ, ਜੋ ਨੀਯਤ ਕੀਤੇ ਰਾਹ ਤੇ ਤੁਰਦੇ ਹਨ; ਕੋਈ ਹਵਾ ਉਨ੍ਹਾ ਤਕ ਨਹੀਂ ਪੁਜਦੀ, ਉਨ੍ਹਾ ਦੇ ਆਪਣੇ ਅੰਦਰ ਹੀ ਪੰਧ ਤੇ ਪੰਧ ਦਰਸਾਊ (ਮੁਰਸ਼ਦ) ਦੋਨੋਂ ਹੁੰਦੇ ਹਨ।"[8] ਆਪਣੀਆਂ ਇਨ੍ਹਾਂ ਤਾਕਤਾ ਕਾਰਨ ਸਿਧਾਰਥ ਹਮੇਸ਼ਾਂ ਹੀ ਸੰਸਾਰ ਵਿਚ ਰਹਿੰਦਾ ਹੋਇਆ ਵੀ ਸੰਸਾਰ ਤੋਂ ਨਿਰਲੇਪ ਹੀ ਚੱਲਿਆ, ਪਰ ਹੌਲੀ-ਹੌਲੀ ਉਹ ਇਸ ਸੰਸਾਰ ਅੰਦਰ ਖੁਭ ਗਿਆ। ਉਸ ਨੇ ਸੰਸਾਰ ਵਿਚੋਂ ਸਭ ਬੁਰਾਈਆਂ ਸਿੱਖ ਲਈਆਂ ਪਰ ਉਹ ਇਸ ਵਿਚੋਂ ਬੱਚਿਆਂ ਵਾਲੀਆਂ ਖੁਸ਼ੀਆਂ ਮਾਸੂਮੀਅਤ ਅਤੇ ਅਣਭੋਲ ਬੇਵਕੂਫੀਆਂ ਨਾ ਸਿੱਖ ਸਕਿਆ। ਉਸ ਨੇ ਉਹ ਭੈੜੀਆਂ ਗੱਲਾਂ ਹੀ ਸਿੱਖੀਆਂ ਜਿਨ੍ਹਾਂ ਤੋਂ ਉਹ ਪਹਿਲਾਂ ਕਦੇ ਘ੍ਰਿਣਾ ਕਰਦਾ ਸੀ। ਪਹਿਲਾਂ ਬਹੁਤ ਚਿਰ ਉਹ ਦਿਲੋਂ ਸੰਨਿਆਸੀ ਰਿਹਾ ਪਰ ਬਾਅਦ ਵਿਚ ਉਹ ਦਿਲੋਂ ਸੰਨਿਆਸੀ ਨਾ ਰਿਹਾ। ਹੁਣ ਉਹ ਇਕ ਕਰੂਪ ਸੰਸਾਰੀ ਵਿਅਕਤੀ ਸੀ। ਇਹੋ ਚੀਜ਼ ਉਸ ਨੂੰ ਸੰਸਾਰ ਤੋਂ ਮੁਕਤੀ ਵੱਲ ਤੋਰਦੀ ਹੈ।

ਸਿਧਾਰਥ ਦੇ ਸਫ਼ਰ ਦਾ ਆਖ਼ਰੀ ਪੜਾਅ ਹੈ ਬੁੱਧਤਵ ਦੀ ਪ੍ਰਾਪਤੀ। ਸੰਸਾਰ ਦੇ ਤਿਆਗ ਤੋਂ ਉਪਰੰਤ ਉਸਨੇ ਇਕ ਅਲੱਗ ਆਪੇ ਵਿਚ ਪੁਨਰ-ਜਨਮ ਲਿਆ ਸੀ। ਪਹਿਲਾਂ ਉਸ ਦਾ ਪਿਆਰ ਇਕ ਕਮਲਾ ਲਈ ਸੀ ਪਰੰਤੂ ਫਿਰ ਉਹ ਪਿਆਰ ਕਮਲਾ ਤੋਂ ਪੂਰੀ ਕਾਇਨਾਤ ਤਕ ਫੈਲ ਜਾਂਦਾ ਹੈ। ਉਸ ਲਈ ਹਰ ਦਿਸਦੀ ਚੀਜ਼ ਖੁਸ਼ੀਆਂ ਅਤੇ ਆਨੰਦਮਈ ਪਿਆਰ ਨਾਲ ਭਰੀ ਹੋਈ ਹੈ। ਮੀਰਦਾਦ ਦੀ ਪੁਸਤਕ ਵਿਚ ਕਥਨ ਹੈ, "ਉਹ ਪ੍ਰੇਮ ਜਿਹੜਾ ਸੰਪੂਰਨ ਦੇ ਇਕ ਅੰਸ਼ ਨੂੰ ਆਪਣੇ ਪ੍ਰੇਮ ਦਾ ਪਾਤਰ ਬਣਾਉਂਦਾ ਹੈ, ਆਪਣੇ ਭਾਗ ਵਿਚ ਆਪਣੇ ਆਪ ਗ਼ਮ ਦੀ ਲੀਕ ਵਾਹ ਲੈਂਦਾ ਹੈ।"[9] ਸੋ ਪ੍ਰੇਮ ਇਕ ਅੰਸ਼ ਨੂੰ ਨਹੀਂ ਸਾਰੀ ਕਾਇਨਾਤ ਨੂੰ ਕਰਨਾ ਹੁੰਦਾ ਹੈ। ਬਿਰਖ ਦੇ ਇਕ ਪੱਤੇ ਨੂੰ ਹੀ ਪ੍ਰੇਮ ਨਹੀਂ ਕਰਨਾ ਬਲਕਿ ਉਸ ਟਹਿਣੀ ਨੂੰ ਜਿਸ ਨਾਲ ਉਹ ਪੱਤਾ ਲੱਗਾ ਹੈ, ਉਹ ਸੱਕ ਜੋ

ਟਹਿਣੀ ਦੀ ਰੱਖਿਆ ਕਰਦਾ ਹੈ, ਉਸ ਜੜ੍ਹ ਨੂੰ ਜੋ ਉਸ ਨੂੰ ਖੁਰਾਕ ਪਹੁੰਚਾਉਂਦੀ ਹੈ, ਉਹ ਮਿੱਟੀ ਜਿਸ ਤੋਂ ਖੁਰਾਕ ਮਿਲਦੀ ਹੈ; ਤੇ ਉਹ ਸੂਰਜ, ਪਾਣੀ ਹਵਾ ਜਿਸ ਤੋਂ ਖੁਰਾਕ ਪੈਦਾ ਹੁੰਦੀ ਹੈ; ਉਸ ਸਭ ਨੂੰ ਪ੍ਰੇਮ ਕਰਨਾ ਹੁੰਦਾ ਹੈ। ਇਵੇਂ ਹੀ ਸਿਧਾਰਥ ਦਾ ਪ੍ਰੇਮ ਇਕ ਪੱਤੇ ਤੋਂ ਪੂਰੀ ਕਾਇਨਾਤ ਤਕ ਫੈਲਦਾ ਹੈ।

ਗਿਆਨ ਦੇ ਰਾਹ ਉੱਪਰ ਚੱਲਦਿਆਂ ਕਈ ਵਾਰ ਪੁਰਾਣੀ ਸਿੱਖਿਆ ਭੁੱਲਣੀ ਪੈਂਦੀ ਹੈ। ਜਿਵੇਂ ਭਾਂਡੇ ਵਿਚ ਦੁੱਧ ਪਵਾਉਣ ਲਈ ਪਹਿਲਾਂ ਉਹ ਭਾਂਡਾ ਸਾਫ਼ ਕਰਨਾ ਪੈਂਦਾ ਹੈ। ਓਵੇਂ ਹੀ ਗਿਆਨ ਦੀ ਪ੍ਰਾਪਤੀ ਲਈ ਕਈ ਗ਼ਲਤ ਚੀਜ਼ਾਂ ਜੋ ਤੁਹਾਡੇ ਆਪੇ ਵਿਚ ਹਨ ਛੱਡਣੀਆਂ ਪੈਣਗੀਆਂ। ਸਿਧਾਰਥ ਦੀ ਸੰਸਾਰ-ਯਾਤਰਾ ਗਿਆਨ ਪ੍ਰਾਪਤੀ ਲਈ ਮਨ ਦੀ ਸਵੱਛਤਾ ਗ੍ਰਹਿਣ ਕਰਨ ਹਿੱਤ ਹੈ। ਸਿਧਾਰਥ ਸੰਸਾਰ ਦੀ ਯਾਤਰਾ ਵਿਚ ਓਨੀ ਦੇਰ ਰਿਹਾ ਜਿੰਨੀ ਦੇਰ ਕਿ ਉਸਦੇ ਅੰਦਰ ਦੇ ਪੁਜਾਰੀ ਤੇ ਸੰਨਿਆਸੀ ਮਰ ਨਹੀਂ ਸੀ ਗਏ। ਬਹੁਤੀ ਵਿਦਿਆ ਉਸ ਦੇ ਰਾਹ ਵਿਚ ਇਕ ਰੋੜ੍ਹਾ ਸੀ, ਬਹੁਤੇ ਭਜਨ, ਬਹੁਤੀਆਂ ਕੁਰਬਾਨੀਆਂ ਨੇ ਉਸ ਨੂੰ ਸਥਿਲ ਤੇ ਅਭਿਮਾਨੀ ਬਣਾ ਦਿੱਤਾ ਸੀ। ਹੁਣ ਉਹ ਇਸ ਸਭ ਤੋਂ ਮੁਕਤ ਸੀ।

ਸਿਧਾਰਥ ਦੇ ਗਿਆਨ ਪ੍ਰਾਪਤੀ ਦਾ ਰਸਤਾ ਉਸ ਦੇ ਆਪਣੇ ਤਜ਼ਰਬੇ ਉੱਪਰ ਆਧਾਰਿਤ ਹੈ। ਉਹ ਹਰ ਸਿੱਖਿਆ ਆਪਣੇ ਖ਼ੁਦ ਦੇ ਤਜ਼ਰਬੇ ਵਿਚੋਂ ਗ੍ਰਹਿਣ ਕਰਦਾ ਹੈ। ਕਿਸੇ ਗੁਰੂ ਤੋਂ ਕੋਈ ਸਿਖਿਆ-ਸਿਖਾਇਆ ਉਪਦੇਸ਼ ਉਸ ਨੂੰ ਗਿਆਨ ਦੀ ਪ੍ਰਾਪਤੀ ਨਹੀਂ ਕਰਵਾ ਸਕਿਆ। ਜਿਵੇਂ ਕਿ ਸਿਧਾਰਥ ਬਚਪਨ ਤੋਂ ਹੀ ਇਸ ਸਿਖਿਆ ਨੂੰ ਜਾਣਦਾ ਸੀ ਕਿ ਐਸ਼ ਅਤੇ ਧਨ ਦੌਲਤ ਜੋੜਣੇ ਚੰਗੇ ਨਹੀਂ ਹੁੰਦੇ। ਉਸ ਨੂੰ ਬੜੇ ਸਮੇਂ ਤੋਂ ਇਹ ਜਾਣਕਾਰੀ ਸੀ, ਪਰੰਤੂ ਸੰਸਾਰ ਨੂੰ ਭੋਗਣ ਤੇ ਛੱਡਣ ਦੇ ਤਜ਼ਰਬੇ ਉਪਰੰਤ ਹੀ ਉਸ ਦੀ ਇਹ ਜਾਣਕਾਰੀ ਗਿਆਨ ਵਿਚ ਪਰਿਵਰਤਿਤ ਹੋਈ। ਹੁਣ ਉਸਨੇ ਇਹ ਗੱਲ ਸਿਰਫ਼ ਜਾਣੀ ਹੀ ਨਹੀਂ ਸੀ ਬਲਕਿ ਹੰਢਾਈ ਵੀ ਸੀ। ਇਸ ਨੂੰ ਅਸੀਂ ਸਮਾਧੀ ਲਾਉਣ ਦੀ ਉਦਾਹਰਣ ਨਾਲ ਸਮਝ ਸਕਦੇ ਹਾਂ। ਸਮਾਧੀ ਲਾਉਣ ਲਈ ਇਹ ਉਪਦੇਸ਼ ਦਿੱਤਾ ਜਾਂਦਾ ਹੈ ਕਿ ਸਮਾਧੀ ਲਾਉਣ ਸਮੇਂ ਰੀੜ੍ਹ ਦੀ ਹੱਡੀ ਨੂੰ ਸਿੱਧਾ ਰੱਖਣਾ ਹੁੰਦਾ ਹੈ ਅਤੇ ਧਿਆਨ ਮੱਥੇ ਦੇ ਵਿਚਕਾਰ ਲਗਾਉਣਾ ਹੁੰਦਾ ਹੈ ਪਰੰਤੂ ਹੁੰਦਾ ਇਸ ਤੋਂ ਉਲਟਾ ਹੈ। ਜਦੋਂ ਧਿਆਨ ਲਗਦਾ ਹੈ ਤਾਂ ਰੀੜ੍ਹ ਦੀ ਹੱਡੀ ਆਪਣੇ ਆਪ ਸਿੱਧੀ ਹੁੰਦੀ ਹੈ ਤੇ ਧਿਆਨ ਮੱਥੇ ਦੇ ਵਿਚਕਾਰ ਹੁੰਦਾ ਹੈ। ਇਸ ਨੂੰ ਜ਼ਬਰਦਸਤੀ ਕਰਨ ਦੀ ਜ਼ਰੂਰਤ ਨਹੀਂ ਰਹਿੰਦੀ। ਇਵੇਂ ਹੀ ਸੂਫ਼ੀਵਾਦ ਵਿਚ ਪਹਿਲਾਂ ਤਾਂ ਸ਼ਰੀਅਤ ਗ੍ਰਹਿਣ ਕਰਨੀ ਪੈਂਦੀ ਹੈ ਪਰੰਤੂ ਰੂਹਾਨੀ ਮੰਜ਼ਿਲਾਂ ਨੂੰ ਸਰ ਕਰਕੇ ਜਦੋਂ 'ਬਕਾਅ' ਦੀ ਅਵਸਥਾ ਆਉਂਦੀ ਹੈ ਤਾਂ ਉਸ ਤੋਂ ਬਾਅਦ ਜੋ ਸ਼ਰੀਅਤ ਵਿਹਾਰ ਵਿਚ ਆਉਂਦੀ ਹੈ ਓਹੀ ਅਸਲ ਸ਼ਰੀਅਤ ਹੁੰਦੀ ਹੈ। ਇਸ ਦੀ ਪ੍ਰਾਪਤੀ ਲਈ ਕਈ ਵਾਰ ਸੂਫ਼ੀ ਗ਼ੈਰ-ਸ਼ਰਾਅ ਵੀ ਹੁੰਦੇ ਹਨ। ਇਸੇ ਪ੍ਰਕਾਰ ਸਿਧਾਰਥ ਦਾ ਗਿਆਨ ਕੇਵਲ ਉਪਦੇਸ਼ਾਂ ਉੱਪਰ ਆਧਾਰਿਤ ਨਹੀਂ ਬਲਕਿ ਜੀਵਨ ਤਜ਼ਰਬੇ ਉੱਪਰ ਆਧਾਰਿਤ ਹੈ। ਇਹ ਗਿਆਨ ਉਸ ਨੂੰ ਇਕ ਬੱਚੇ ਵਾਂਗ ਵਿਸ਼ਵਾਸ ਅਤੇ ਖੁਸ਼ੀ ਨਾਲ ਭਰ ਦਿੰਦਾ ਹੈ। ਅਸਲ ਵਿਚ ਜੀਵਨ ਤਜ਼ਰਬਿਆਂ ਤੋਂ ਉਪਰੰਤ ਮੁੜ ਬੱਚਾ ਹੋਣਾ ਹੀ ਅਸਲ ਜੀਵਨ ਹੈ।

ਬਾਈਬਲ ਵਿਚ ਮੈਥਿਊ ਦੇ ਅਠਾਰ੍ਹਵੇਂ ਪ੍ਰਵਚਨ ਵਿਚ ਜ਼ਿਕਰ ਹੈ ਕਿ "ਚੇਲੇ ਯਿਸੂ ਕੋਲ ਆਏ ਅਤੇ ਆਖਣ ਲੱਗੇ," ਸਵਰਗ ਦੇ ਰਾਜ ਵਿਚ ਸਭਨਾ ਨਾਲੋਂ ਵੱਡਾ ਕੌਣ ਹੈ? ਯਿਸੂ ਨੇ ਇਕ ਬਾਲਕ ਨੂੰ ਬੁਲਾਇਆ ਉਸਨੂੰ ਚੇਲਿਆਂ ਦੇ ਸਾਹਮਣੇ ਖੜ੍ਹਾ ਕਰਕੇ ਆਖਿਆ, "ਜਦੋਂ ਤਕ ਤੁਸੀਂ ਇਸ ਛੋਟੇ ਬਾਲਕ ਦੀ ਤਰ੍ਹਾਂ ਨਹੀਂ ਬਣੋਗੇ ਸਵਰਗ ਰਾਜ 'ਚ ਨਹੀਂ ਜਾ ਸਕੋਗੇ।"

ਗਿਆਨ ਯਾਤਰਾ ਦੇ ਆਖਰੀ ਪੜ੍ਹਾਅ 'ਤੇ ਸਿਧਾਰਥ ਆਪਣੇ ਤਜ਼ਰਬੇ ਤੋਂ ਮੁੜ ਬੱਚਾ ਬਣਨ ਦੀ ਪ੍ਰਕ੍ਰਿਆ ਵਿਚ ਸੀ। ਉਸਦੀ ਇਸ ਤਬਦੀਲੀ ਪਿੱਛੇ ਵਾਸੂਦੇਵ ਦਾ ਤਜ਼ਰਬਾ ਹੈ। ਨਾਵਲ ਦਾ ਪਾਤਰ ਵਾਸੂਦੇਵ ਇਕ ਮਲਾਹ ਹੈ, ਜੋ ਸਿਧਾਰਥ ਨੂੰ ਗਿਆਨ ਦਾ ਰਸਤਾ ਦੱਸਦਾ ਹੈ। ਜਦੋਂ ਸਿਧਾਰਥ 'ਤਿਆਗ' ਦੇ ਪੜਾਅ ਵਿਚੋਂ 'ਸੰਸਾਰ' ਦੇ ਪੜਾਅ ਵਿਚ ਪ੍ਰਵੇਸ਼ ਕਰਦਾ ਹੈ ਤਾਂ ਵਾਸੂਦੇਵ ਉਸ ਨੂੰ ਦਰਿਆ ਪਾਰ ਕਰਵਾਉਂਦਾ ਹੈ। ਵਾਸੂਦੇਵ ਬੁੱਧਤਵ ਨੂੰ ਪ੍ਰਾਪਤ ਕਰ ਚੁੱਕਾ ਵਿਅਕਤੀ ਹੈ, ਜੋ ਆਪਣੇ ਸਾਰੇ ਗਿਆਨ ਦਾ ਸਰੋਤ ਦਰਿਆ ਨੂੰ ਮੰਨਦਾ ਹੈ। ਸਿਧਾਰਥ ਦੀ ਵਾਸੂਦੇਵ ਨਾਲ ਦੂਸਰੀ ਭੇਟ 'ਸੰਸਾਰ' ਦੇ ਤਿਆਗ ਸਮੇਂ ਹੁੰਦੀ ਹੈ। ਸਿਧਾਰਥ ਵਾਸੂਦੇਵ ਦੇ ਮੂੰਹ ਉੱਤੇ ਬੁੱਧ ਵਰਗੀ ਸ਼ਾਂਤੀ ਵੇਖ ਕੇ ਉਸ ਦੇ ਕੋਲ ਰਹਿਣ ਦੀ ਆਗਿਆ ਮੰਗਦਾ ਹੈ। ਵਾਸੂਦੇਵ ਦਾ ਮਲਾਹ ਹੋਣਾ ਇਕ ਅਹਿਮ ਮੈਟਾਫ਼ਰ ਹੈ। ਜਿਵੇਂ ਉਹ ਨਦੀ ਤੋਂ ਪਾਰ ਕਰਵਾਉਂਦਾ ਹੈ ਉਵੇ ਹੀ ਉਹ ਸਿਧਾਰਥ ਨੂੰ ਵੀ ਉਸ ਦੀਆਂ ਉਲਝਣਾ ਵਿਚੋਂ ਕੱਢ ਕੇ ਪਾਰ ਕਰਵਾਉਂਦਾ ਹੈ। ਵਾਸੂਦੇਵ (ਮਲਾਹ) ਉਸ ਦਾ ਅਧਿਆਪਕ ਨਹੀਂ ਬਣਦਾ। ਉਹ ਉਸ ਨੂੰ ਕੋਈ ਰਸਮੀ ਸਿੱਖਿਆ ਨਹੀਂ ਦਿੰਦਾ ਅਤੇ ਨਾ ਹੀ ਕੋਈ ਸਿਧਾਂਤ ਉਸ ਉੱਪਰ ਥੋਪਦਾ ਹੈ।

ਬਲਕਿ ਉਹ ਉਸ ਨੂੰ ਸਿੱਖਣ ਦਾ ਰਸਤਾ ਦਸਦਾ ਹੈ, ਕਿ ਉਸ ਨੇ ਕਿਸ ਤਰ੍ਹਾਂ ਦਰਿਆ ਤੋਂ ਸੁਣਨਾ ਸਿੱਖਿਆ ਹੈ। ਸੁਣਨਾ ਗਿਆਨ ਪ੍ਰਾਪਤੀ ਦੇ ਰਸਤੇ ਦੀ ਕੁੰਜੀ ਹੈ।

ਸਿਧਾਰਥ ਨਾਵਲ ਵਿਚ 'ਜੀਵਨ-ਚੱਕਰ' (Everything repeats itself) ਦਾ ਸਿਧਾਂਤ ਸਪੱਸ਼ਟ ਰੂਪ ਵਿਚ ਉਘੜਦਾ ਹੈ। ਸਿਧਾਰਥ ਆਪਣੇ ਪਿਤਾ ਨੂੰ ਛੱਡਦਾ ਹੈ ਕਿਉਂਕਿ ਉਸ ਨੂੰ ਗਿਆਨ ਦੀ ਜਿਗਿਆਸਾ ਹੈ। ਉਹ ਆਪਣੇ ਜੀਵਨ ਨੂੰ ਆਪਣੀਆਂ ਸ਼ਰਤਾਂ ਉੱਪਰ ਜੀਣਾ ਚਾਹੁੰਦਾ ਹੈ। ਨਾਵਲ ਦੇ ਅੰਤ ਉੱਪਰ ਸਿਧਾਰਥ ਦਾ ਆਪਣਾ ਪੁੱਤਰ ਆਪਣੀਆਂ ਇਨ੍ਹਾਂ ਹੀ ਮੰਗਾਂ ਕਰਕੇ ਆਪਣੇ ਪਿਤਾ ਨੂੰ ਛੱਡ ਦਿੰਦਾ ਹੈ। ਦੋਵੇਂ ਹੀ ਹਾਲਾਤਾਂ ਵਿਚ ਪਿਤਾ ਆਪਣੇ ਪੁੱਤਰ ਨੂੰ ਰੋਕਣਾ ਚਾਹੁੰਦਾ ਹੈ, ਪਰੰਤੂ ਅਸਫ਼ਲ ਰਹਿੰਦਾ ਹੈ। ਹਰ ਪਿਤਾ ਆਪਣਾ ਗਿਆਨ ਆਪਣੇ ਪੁੱਤਰ ਨੂੰ ਵੰਡ ਕੇ ਉਸ ਨੂੰ ਰਾਹ ਦਿਖਾਉਣਾ ਚਾਹੁੰਦਾ ਹੈ। ਸਿਧਾਰਥ ਦਾ ਪਿਤਾ ਉਸ ਨੂੰ ਆਪਣੇ ਗਿਆਨ ਦੀ ਵਲਗਣ ਵਿਚ ਨਾ ਵਲ ਸਕਿਆ ਇਵੇਂ ਹੀ ਸਿਧਾਰਥ ਵੀ ਆਪਣੇ ਪੁੱਤਰ ਨੂੰ ਆਪਣੇ ਗਿਆਨ ਦੀ ਵਲਗਣ ਵਿਚ ਵਲਣ ਤੋਂ ਅਸਮਰੱਥ ਰਿਹਾ। ਇਹ ਨਾਵਲ ਦਰਸਾਉਂਦਾ ਹੈ ਕਿ ਅਸਲ ਵਿਚ ਕੋਈ ਵੀ ਵਿਅਕਤੀ ਆਪਣਾ ਗਿਆਨ ਦੂਜੇ ਨੂੰ ਨਹੀਂ ਦੇ ਸਕਦਾ। ਗਿਆਨ ਪ੍ਰਾਪਤੀ ਇਕ ਨਿੱਜੀ ਅਨੁਭਵ ਹੈ। ਗਿਆਨ ਪ੍ਰਾਪਤੀ ਇਕੱਲਿਆਂ ਦਾ ਕੰਮ ਹੈ। ਕੋਈ ਪਿਤਾ ਆਪਣਾ ਗਿਆਨ ਆਪਣੇ ਪੁੱਤਰ ਨੂੰ ਨਹੀਂ ਵੰਡ ਸਕਦਾ। ਪੁੱਤਰ ਨੇ ਆਪਣੇ ਜੀਵਨ ਵਿਚ ਆਪਣਾ ਸਫ਼ਰ ਖੁਦ ਤੈਅ ਕਰਨਾ ਹੈ। ਖਲੀਲ ਜ਼ਿਬਰਾਨ ਆਪਣੀ ਜਗਤ ਪ੍ਰਸਿੱਧ ਪੁਸਤਕ "ਪੈਗੰਬਰ" ਵਿਚ ਸੰਤਾਨ ਬਾਰੇ ਲਿਖਦੇ ਹਨ: "ਭਾਵੇਂ ਉਹ (ਸੰਤਾਨ) ਤੁਹਾਡੇ ਨਾਲ ਹੀ ਰਹਿੰਦੇ ਨੇ, ਫਿਰ ਵੀ ਉਹ ਤੁਹਾਡੇ ਨਹੀਂ ਨੇ। ਤੁਸੀਂ ਉਹਨਾਂ ਨੂੰ ਆਪਣਾ ਪਿਆਰ ਦੇ ਸਕਦੇ ਹੋ, ਆਪਣੇ ਵਿਚਾਰ ਨਹੀਂ। ਕਿਉਂਕਿ ਉਨ੍ਹਾ ਦੇ ਆਪਣੇ ਵੱਖਰੇ ਵਿਚਾਰ ਨੇ। ਤੁਸੀਂ ਉਨ੍ਹਾ ਦੇ ਸਰੀਰ ਨੂੰ ਤਾਂ ਘਰ ਦੇ ਸਕਦੇ ਹੋ, ਪਰ ਉਨ੍ਹਾ ਦੀਆਂ ਆਤਮਾਵਾਂ ਨੂੰ ਨਹੀਂ। ਕਿਉਂਕਿ ਉਨ੍ਹਾਂ ਦੀਆ ਆਤਮਾਵਾਂ ਤਾਂ ਆਉਣ ਵਾਲੇ ਕੱਲ੍ਹ ਵਿਚ ਨਿਵਾਸ ਕਰਦੀਆਂ ਨੇ, ਜਿਥੇ ਤੁਸੀਂ ਕਦੇ ਵੀ ਪਹੁੰਚ ਨਹੀਂ ਸਕਦੇ, ਸੁਪਨੇ ਵਿਚ ਵੀ ਨਹੀਂ।"[10]

ਇਸ ਨਾਵਲ ਵਿਚ ਸਿਧਾਰਥ ਦਾ ਚਰਿਤਰ ਗੋਵਿੰਦ ਦੀ ਤੁਲਨਾ ਵਿਚ ਉਭਰਦਾ ਹੈ। ਗੋਵਿੰਦ ਉਸ ਦਾ ਬਚਪਨ ਦਾ ਸਾਥੀ ਹੈ ਜਿਸ ਨੇ ਸਿਧਾਰਥ ਦੇ ਨਾਲ ਹੀ ਘਰ-ਬਾਰ ਦਾ ਤਿਆਗ ਕਰਕੇ ਗਿਆਨ ਦਾ ਰਸਤਾ ਚੁਣਿਆ ਪਰੰਤੂ ਦੋਹਾਂ ਦੇ ਰਸਤੇ ਵਿਚ ਇਕ ਬੁਨਿਆਦੀ ਅੰਤਰ ਹੈ। ਗੋਵਿੰਦ ਹਮੇਸ਼ਾ ਦੂਸਰੇ ਦੀ ਦਿੱਤੀ ਸਿੱਖਿਆ ਨੂੰ ਗ੍ਰਹਿਣ ਕਰਦਾ ਹੈ। ਪਹਿਲਾਂ ਉਹ ਸਿਧਾਰਥ ਦਾ ਪਿਛਲੱਗ ਬਣਕੇ ਤੁਰਦਾ ਹੈ ਅਤੇ ਫਿਰ ਉਹ ਬੁੱਧ ਦਾ ਚੇਲਾ ਬਣਨਾ ਸਵੀਕਾਰ ਕਰ ਲੈਂਦਾ ਹੈ। ਉਸ ਦੀ ਦੂਸਰਿਆਂ ਉੱਪਰ-ਨਿਰਭਰਤਾ ਉਸ ਨੂੰ ਗਿਆਨ ਪ੍ਰਾਪਤੀ ਤੋਂ ਦੂਰ ਰੱਖਦੀ ਹੈ। ਇਸ ਦੇ ਉਲਟ ਸਿਧਾਰਥ ਆਪਣਾ ਗੁਰੂ ਆਪ ਬਣਦਾ ਹੈ। ਉਹ ਆਪਣੇ ਤਜ਼ਰਬੇ ਦੇ ਆਧਾਰ ਉੱਪਰ ਗਿਆਨ ਦੇ ਰਸਤੇ ਉੱਪਰ ਤੁਰਦਾ ਹੈ ਅਤੇ ਗਿਆਨ ਪ੍ਰਾਪਤੀ ਕਰ ਲੈਂਦਾ ਹੈ। ਗੋਵਿੰਦ ਦੇ ਪੁੱਛਣ ਤੇ ਉਹ ਦੱਸਦਾ ਹੈ ਕਿ "ਬੁੱਧਮਤਾ ਦੱਸੀ ਨਹੀਂ ਜਾ ਸਕਦੀ। ਇਕ ਬੁੱਧੀਮਾਨ ਪੁਰਸ਼ ਜੇ ਗਿਆਨ ਦੂਜੇ ਤਕ ਗੱਲਾਂ ਰਾਹੀਂ ਪੁਚਾਣ ਦੀ ਕੋਸ਼ਿਸ਼ ਕਰੇ ਤਾਂ ਮੂਰਖ ਜੇਹਾ ਲੱਗਦਾ ਹੈ।"[11] ਇਸ ਤੋਂ ਭਾਵ ਕਿ ਗਿਆਨ ਪਰਚਾਰ ਰਾਹੀਂ ਦੂਜਿਆਂ ਤਕ ਨਹੀਂ ਪਹੁੰਚਾਇਆ ਜਾ ਸਕਦਾ। ਇਹ ਪੜ੍ਹਾਇਆ ਨਹੀਂ ਜਾ ਸਕਦਾ।

ਸਿਧਾਰਥ ਨਾਵਲ ਵਿਚ ਕੁਦਰਤ ਇਕ ਅਹਿਮ ਸ਼ਕਤੀ ਵਜੋਂ ਉਭਰਦੀ ਹੈ। ਸਿਧਾਰਥ ਕੁਦਰਤ ਤੋਂ ਗਿਆਨ ਪ੍ਰਾਪਤ ਕਰਦਾ ਹੈ। ਜਦੋਂ ਉਹ ਸੰਨਿਆਸੀ ਸੀ ਤਾਂ ਕੁਦਰਤ ਉਸ ਨੂੰ ਸਰੀਰਕ ਅਤੇ ਆਤਮਿਕ ਸ਼ਕਤੀ ਪ੍ਰਦਾਨ ਕਰਦੀ ਸੀ। ਇਸ ਤੋਂ ਉਪਰੰਤ ਸੰਸਾਰਕ ਜੀਵਨ ਨੂੰ ਤਿਆਗ ਕੇ ਜਦੋਂ ਉਹ ਆਤਮ-ਹੱਤਿਆ ਕਰਨ ਦਾ ਯਤਨ ਕਰਦਾ ਹੈ ਤਾਂ ਦਰਿਆ ਉਸ ਨੂੰ ਅਜਿਹਾ ਕਰਨ ਤੋਂ ਰੋਕਦਾ ਹੈ। ਦਰਿਆ ਇਸ ਨਾਵਲ ਵਿਚ 'ਗਤੀਸ਼ੀਲ-ਸੱਚ' ਦਾ ਮੈਟਾਫ਼ਰ ਹੈ। ਦਰਿਆ ਗਿਆਨ-ਪ੍ਰਾਪਤੀ ਦਾ ਸਾਧਨ ਹੈ। ਦਰਿਆ ਉਸ ਨੂੰ ਗਿਆਨ ਦੇ ਰੂ-ਬ-ਰੂ ਕਰਵਾਉਂਦਾ ਹੈ। ਕੁਦਰਤ ਉਸ ਲਈ ਜੀਵਨ, ਮੌਤ ਤੇ ਆਤਮਿਕ ਗਿਆਨ ਦਾ ਸਰੋਤ ਹੈ ਜਿਸ ਤੋਂ ਇਕਮਿਕਤਾ ਦਾ ਅਹਿਸਾਸ ਉਪਜਦਾ ਹੈ। ਦਰਿਆ ਸਿਧਾਰਥ ਨੂੰ ਸਮੇਂ ਬਾਰੇ ਦੱਸਦਾ ਹੈ। ਦਰਿਆ ਇਕੋ ਸਮੇਂ ਸਭ ਥਾਂ ਵਰਤਮਾਨ ਹੈ, ਨਿਕਾਸ 'ਤੇ ਵੀ, ਸ਼ੁਰੂ 'ਤੇ ਵੀ, ਵਹਿੰਦਿਆਂ ਵੀ, ਸਮੁੰਦਰ ਵਿਚ ਵੀ ਅਤੇ ਪਹਾੜਾਂ ਵਿਚ ਵੀ। ਦਰਿਆ ਦਾ ਕੋਈ ਭੂਤਕਾਲ ਜਾ ਭਵਿੱਖ ਨਹੀਂ ਹੈ। ਸਿਧਾਰਥ ਨਦੀ ਤੋਂ ਸਿੱਖਦਾ ਹੈ ਕਿ ਮਨੁੱਖੀ ਜੀਵਨ ਵੀ ਇਕ ਨਦੀ ਦੀ ਤਰ੍ਹਾਂ ਹੈ, ਇਸ ਵਿਚ ਵੀ ਭੂਤ, ਭਵਿੱਖ ਅਤੇ ਵਰਤਮਾਨ ਇਕ ਹੀ ਹਨ।

ਸਿਧਾਰਥ ਨਾਵਲ ਦਾ ਵਿਸਤ੍ਰਿਤ ਵਰਣਨ, ਵਿਸ਼ਲੇਸ਼ਣ ਕਰਨ ਉਪਰੰਤ ਨਾਵਲ ਦਾ ਮੁੱਖ ਪ੍ਰਵਚਨ ਸੂਤਰ ਮਾਨਵੀ ਚੇਤਨਾ ਦੀ ਗਿਆਨ ਯਾਤਰਾ ਵਜੋਂ ਉਜਾਗਰ ਹੁੰਦਾ ਹੈ। ਇਸ ਗਿਆਨ ਯਾਤਰਾ ਦੇ ਪ੍ਰਮੁੱਖ ਪੜਾਅ ਜਿਗਿਆਸਾ, ਤਿਆਗ, ਸੰਸਾਰ ਅਤੇ ਬੁੱਧਤਵ ਹਨ। ਜਿਗਿਆਸਾ ਗਿਆਨ ਦਾ ਪ੍ਰਾਰੰਭ ਬਿੰਦੂ ਹੈ ਜੋ ਕੁੱਲ

ਦੁਨਿਆਵੀ ਪਦਾਰਥਾਂ ਦੇ ਹੁੰਦਿਆ ਵੀ ਚੇਤਨਾ ਨੂੰ ਕਿਸੇ ਬ੍ਰਹਿਮੰਡੀ ਪ੍ਰਾਪਤੀ ਵੱਲ ਖਿਚਦੀ ਹੈ। ਇਹ ਪ੍ਰਾਪਤੀ ਤਿਆਗ ਤੋਂ ਬਿਨਾ ਸੰਭਵ ਨਹੀਂ। ਨਾਵਲ ਵਿਚ ਤਿਆਗ ਦੇ ਦੋ ਧਰਾਤਲ ਉਜਾਗਰ ਹੁੰਦੇ ਹਨ। ਪਹਿਲਾ ਧਰਾਤਲ ਮਾਨਵ ਵਿਗਿਆਨਕ (Anthropological) ਹੈ ਅਤੇ ਦੂਜਾ ਧਰਾਤਲ ਬ੍ਰਹਿਮੰਡੀ (Cosmological) ਹੈ। ਮਾਨਵ ਵਿਗਿਆਨਕ ਧਰਾਤਲ ਤੇ ਤਿਆਗ ਪ੍ਰਚਲਤ ਸੰਨਿਆਸ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਅਜਿਹੇ ਤਿਆਗ ਵਿਚ ਸਰੀਰਿਕ ਰੂਪ ਵਿਚ ਸੰਨਿਆਸ ਧਾਰਨ ਕੀਤਾ ਜਾਂਦਾ ਹੈ ਪਰ ਦੁਨਿਆਵੀ ਮੋਹ ਨੂੰ ਤਿਆਗਣ ਤੋਂ ਅਸਮਰੱਥ ਰਹਿੰਦਾ ਹੈ। ਤਿਆਗ ਦਾ ਬ੍ਰਹਿਮੰਡੀ ਧਰਾਤਲ ਇਸ ਤੋਂ ਭਿੰਨ ਹੁੰਦਾ ਹੈ। ਇਹ ਤਿਆਗ ਬਾਹਰੀ ਸੰਨਿਆਸ ਜਿਹਾ ਤਿਆਗ ਨਹੀਂ ਹੈ। ਇਸ ਸੰਸਾਰ ਅਨੁਭਵ ਵਿਚ ਵਿਚਰਦੇ ਹੋਏ ਇਸ ਤੋਂ ਨਿਰਲੇਪ ਰਹਿਣ ਵਾਲਾ ਤਿਆਗ ਹੈ। ਦੁਨੀਆਂ ਵਿਚ ਵਿਚਰਦੇ ਹੋਏ ਇਸ ਤੋਂ ਨਿਰਲੇਪ ਰਹਿ ਸਕਣ ਵਾਲੀ ਚੇਤਨਾ ਵਿਚ ਹੀ ਬ੍ਰਹਿਮੰਡੀ ਗਿਆਨ ਦਾ ਬੁੱਧਤਵ ਪ੍ਰਕਾਸ਼ਤ ਹੁੰਦਾ ਹੈ।

### ਹਵਾਲੇ


1. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ 695.
2. ਮਿਖਾਈਲ ਨਈਮੀ, **ਮੀਰਦਾਦ ਦੀ ਪੁਸਤਕ**, ਰਾਧਾਸੁਆਮੀ ਸਤਿਸੰਗ ਬਿਆਸ, 1986, ਪੰਨਾ 51.
3. ਸ਼ਾਹ ਹੁਸੈਨ, **ਕਾਫ਼ੀਆਂ ਸ਼ਾਹ ਹੁਸੈਨ**, (ਸੰਪ. ਪ੍ਰੋ. ਬ੍ਰਿਹਮਜਗਦੀਸ਼ ਸਿੰਘ) ਸੰਗਮ ਪਬਲੀਕੇਸ਼ਨ ਪਟਿਆਲਾ, 2015, ਪੰਨਾ 121.
4. ਹਰਮਨ ਹੈੱਸ, **ਸਿਧਾਰਥ** (ਅਨੁ. ਜਗਜੀਤ ਸਿੰਘ), ਪੰਜਾਬੀ ਯੂਨੀਵਰਸਿਟੀ ਪਟਿਆਲਾ, 2019, ਪੰਨਾ 14.
5. **ਉਹੀ**, ਪੰਨਾ 23.
6. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 938.
7. **ਸਿਧਾਰਥ**, ਪੰਨਾ 40.
8. **ਉਹੀ**, ਪੰਨਾ 47.
9. **ਮਿਖਾਈਲ ਨਈਮੀ**, ਪੰਨੇ 88-89.
10. ਖ਼ਲੀਲ ਜ਼ਿਬਰਾਨ, **ਪੈਗ਼ੰਬਰ**, (ਅਨੁ. ਜਸਪ੍ਰੀਤ ਸਿੰਘ ਜਗਰਾਓ), ਸੰਗਮ ਪਬਲੀਕੇਸ਼ਨ ਸਮਾਣਾ, 2014
11. **ਸਿਧਾਰਥ**, ਪੰਨਾ 91.


◈